Surrey Schools
LEADERSHIP IN LEARNING

Tel: 604.596.7733
www.surreyschools.ca

# Tobacco-free schools: It's the law

(Punjabi Translation)

## ਕਾਨੂੰਨ ਹੈ: ਤੁਮਾਕੂ ਤੋਂ ਸਕੂਲ ਆਜ਼ਾਦ ਹਨ

ਆਪਣੇ ਸੂਬੇ ਦੇ ਤੁਮਾਕੂ ਦੇ ਕੰਟਰੋਲ ਨਿਯਮ ਦੇ ਅਧੀਨ ਜੋ 2 ਸਤੰਬਰ 2007 ਨੂੰ ਲਾਗੂ ਹੋਇਆ ਹੈ, ਸਕੂਲਾਂ ਦੇ ਵਿਦਿਆਰਥੀਆਂ, ਸਕੂਲਾਂ ਦੇ ਕਰਮਚਾਰੀਆਂ ਅਤੇ ਹੋਰਨਾਂ ਲੋਕਾਂ ਜੋ ਸਕੂਲਾਂ ਵਿੱਚ ਜਾਂ ਸਕੂਲ ਡਿਸਟਰਿਕਟ ਦੀਆਂ ਇਮਾਰਤਾਂ ਵਿੱਚ ਹਨ, ਇਹਨਾਂ ਸਭ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਤੁਮਾਕੂ ਦੀ ਵਰਤੋਂ ਕਰਨੀ ਗੈਰ ਕਾਨੂੰਨੀ ਹੈ । ਇਸ ਨਿਯਮ ਦੇ ਅਧੀਨ ਇਹ ਨਹੀਂ ਹੋ ਸਕਦਾ :

- ਸਿਗਰਟ ਪੀਣਾ
- ਤੁਮਾਕੂ ਦੀ ਵਰਤੋਂ ਕਰਨੀ, ਇਹਦੇ ਵਿੱਚ ਤੁਮਾਕੂ ਚਿੱਥਣ ਦੀ ਵੀ ਮਨਾਹੀ ਹੈ
- ਜਲ ਰਹੇ ਤੁਮਾਕੂ ਨੂੰ ਹੱਥ ਵਿੱਚ ਪਕੜਨਾ

### ਇਹ ਮਨਾਹੀ ਹਰ ਵਕਤ ਲਾਗੂ ਹੈ

ਇਸ ਕਾਨੂੰਨ ਦੇ ਅਧੀਨ ਸਕੂਲ ਦੀ ਚਾਰ ਦੀਵਾਰੀ ਦੇ ਅੰਦਰ ਤੁਮਾਕੂ ਦੀ ਵਰਤੋਂ ਸਕੂਲ ਦੇ ਵੇਲੇ ਜਾਂ ਸਕੂਲ ਦੇ ਬੰਦ ਹੋਣ ਤੋਂ ਬਾਅਦ ਵੀ ਮਨਾਹ ਹੈ ।

### ਇਹ ਕਾਨੂੰਨ ਹਰ ਨਾਗਰਿਕ ਓਪਰ ਲਾਗੂ ਹੈ

ਇਹ ਕਾਨੂੰਨ ਇਹਨਾਂ ਸਭ ਓਪਰ ਲਾਗੂ ਹੈ: ਸਕੂਲਾਂ ਦੇ ਵਿਦਿਆਰਥੀ, ਕਰਮਚਾਰੀ, ਮਾਪੇ ਅਤੇ ਭਾਈਚਾਰੇ ਦੇ ਸਾਰੇ ਲੋਗ ਜਾਂ ਓਹ ਲੋਗ ਜੋ ਸਕੂਲਾਂ ਦੀਆਂ ਇਮਾਰਤਾਂ ਨੂੰ ਵਰਤਦੇ ਹਨ ।

### ਇਸ ਕਾਨੂੰਨ ਵਿੱਚ ਸਾਰੀਆਂ ਸਕੂਲ ਡਿਸਟਰਿਕਟ ਦੀਆਂ ਇਮਾਰਤਾਂ ਸ਼ਾਮਿਲ ਹਨ

ਸਕੂਲ ਬੋਰਡ ਦੀ ਕਿਸੇ ਵੀ ਪਰਾਪਰਟੀ ਓਪਰ ਜੋ ਬੋਰਡ ਦੀ ਆਪਣੀ ਹੈ, ਕਿਰਾਏ ਤੇ ਜਾਂ ਠੇਕੇ ਤੇ ਲਈ ਹੋਈ ਹੈ ਜਾਂ ਕੋਈ ਵੀ ਪਰਾਪਰਟੀ ਜਿਸ ਰਾਹੀਂ ਵਿਦਿਆ ਦਿੱਤੀ ਜਾ ਰਹੀ ਹੈ, ਵਿੱਚ ਤੁਮਾਕੂ ਦੀ ਵਰਤੋਂ ਓਪਰ ਸਖਤ ਮਨਾਹੀ ਹੈ ।

### ਸਰ੍ਹੀ ਦਾ ਵਿਦਿਆ ਦਾ ਬੋਰਡ ਇੱਕ ਤੁਮਾਕੂ ਤੋਂ ਆਜ਼ਾਦ ਵਾਯੂਮੰਡਲ ਦੀ ਹਿਮਾਇਤ ਕਰਦਾ ਹੈ

ਇਸ ਨਵੇਂ ਕਾਨੂੰਨ ਦੁਆਰਾ, ਸਕੂਲ ਬੋਰਡ ਦੀ ਪਹਿਲਾਂ ਦੀ ਨੀਤੀ ਜਿਸ ਵਿੱਚ ਇਹ ਓਲੀਕਿਆ ਗਿਆ ਹੈ ਕਿ ਸਕੂਲਾਂ ਦੀਆਂ ਸਾਰੀਆਂ ਇਮਾਰਤਾਂ ਇੱਕ ਸਿਗਰਟਾਂ ਦੇ ਧੂੰਏ ਤੋਂ ਆਜ਼ਾਦ ਵਾਯੂਮੰਡਲ ਵਾਲੀਆਂ ਹੋਣ, ਨੂੰ ਵੀ ਹੋਰ ਤਾਕਤ ਮਿਲਦੀ ਹੈ ।

ਹਰ ਇੱਕ ਦੀ ਸਿਹਤ ਲਈ – ਸਰ੍ਹੀ ਸਕੂਲ ਡਿਸਟਰਿਕਟ ਦੇ ਸਾਰੇ ਕਰਮਚਾਰੀਆਂ ਦੀ ਇਹ ਜ਼ਿਮੇਵਾਰੀ ਹੈ ਕਿ ਸਕੂਲ ਬੋਰਡ ਦੀ ਨੀਤੀ ਅਤੇ ਕਾਨੂੰਨ ਦੀ ਪਾਲਣਾ ਕੀਤੀ ਜਾਵੇ ।